# ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

ਪੁੱਡਾ ਭਵਨ, ਸੈਕਟਰ-62, ਐਸ.ਏ.ਐਸ.ਨਗਰ

(Exercising the power under section 46 (2) of Punjab Regional & Town Planning & Development Act 1995)

**ਦਫਤਰੀ ਹੁਕਮ**

ਮਕਾਨ ਨੰਬਰ:-ਐਚ.ਆਈ.ਜੀ.-204,ਜੀ.ਐਫ. ਸੈਕਟਰ-71, ਐਸ.ਏ.ਐਸ ਨਗਰ ਦੀ ਅਲਾਟਮੈਂਟ ਇਸ ਦਫਤਰ ਦੇ ਪੱਤਰ ਨੰਬਰ 1836-38 ਮਿਤੀ 6-1-1994 ਰਾਹੀਂ ਕਿਸਤਾਂ ਜਮਾ ਨਾ ਕਰਨ ਕਰਕੇ ਕੈਂਸਲ ਕੀਤੀ ਗਈ ਸੀ। ਜੀ.ਪੀ.ਏ.ਹੋਲਡਰ ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਮੁਨਸਾ ਸਿੰਘ ਵੱਲੋਂ ਇਹਨਾਂ ਹੁਕਮਾ ਵਿਰੁੱਧ ਐਪੀਲੈਂਟ ਅਥਾਰਿਟੀ ਕਮ-ਵਧੀਕ ਮੁੱਖ ਪ੍ਰਸਾਸਕ ਜੀ ਪਾਸ ਅਪੀਲ ਦਾਇਰ ਕੀਤੀ ਗਈ ਸੀ। ਜਿਸ ਦਾ ਫੈਸਲਾ ਕਰਦੇ ਹੋਏ ਐਪੀਲੈਂਟ ਅਥਾਰਿਟੀ ਵੱਲੋਂ ਮਿਤੀ 21-4-2011 ਦੇ ਹੁਕਮਾ ਰਾਹੀਂ ਮਕਾਨ ਬਹਾਲ ਕਰ ਦਿੱਤਾ ਗਿਆ ਸੀ। ਇਸ ਫੈਸਲੇ ਵਿਰੁੱਧ ਗਮਾਡਾ ਵਲੋਂ ਰਵੀਜਨਲ ਅਥਾਰਿਟੀ ਕੋਲ ਰਵੀਜਨ ਪਟੀਸਨ ਦਾਇਰ ਕੀਤੀ ਗਈ ਸੀ, ਜਿਸਦਾ ਫੈਸਲਾ ਮਿਤੀ 14-2-2012 ਨੂੰ ਕਰਦੇ ਹੋਏ ਇਹ ਕੇਸ ਸ੍ਰੀ ਹਰਜੀਤ ਸਿੰਘ ਜੀ.ਪੀ.ਏ. ਦੇ ਹੱਕ ਵਿੱਚ ਬਹਾਲ ਕਰ ਦਿੱਤਾ ਗਿਆ ਸੀ। ਰਵੀਜਨਲ ਅਥਾਰਿਟੀ ਦੇ ਹੁਕਮਾ ਨੂੰ ਪ੍ਰਵਾਨ ਨਾ ਕਰਦੇ ਹੋਏ ਗਮਾਡਾ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿਟ ਪਟੀਸਨ ਨੰ:14926 ਆਫ 2012 (ਗਮਾਡਾ ਬਨਾਮ ਪੰਜਾਬ ਸਰਕਾਰ ਅਤੇ ਹੋਰ) ਦਾਇਰ ਕੀਤੀ ਗਈ ਸੀ। ਜਿਸ ਦਾ ਨਿਪਟਾਰਾ ਕਰਦੇ ਹੋਏ ਮਾਨਯੋਗ ਹਾਈਕੋਰਟ ਵੱਲੋਂ ਇਹ ਕੇਸ ਗਮਾਡਾ ਦੇ ਹੱਕ ਵਿੱਚ ਕਰਦੇ ਹੋਏ ਐਪੀਲੈਂਟ ਅਥਾਰਿਟੀ ਦੇ ਹੁਕਮ ਮਿਤੀ 21-4-2011 ਅਤੇ ਰਵੀਜਨਲ ਅਥਾਰਿਟੀ ਵੱਲੋਂ ਦਿਤੇ ਹੁਕਮ ਮਿਤੀ 14-2-2012 ਦੇ ਹੁਕਮਾ ਨੂੰ ਖਾਰਿਜ ਕਰ ਦਿੱਤਾ ਗਿਆ ਸੀ। ਸ੍ਰੀ ਹਰਜੀਤ ਸਿੰਘ ਜੀ.ਪੀ.ਏ.ਵੱਲੋਂ ਇਸ ਫੈਸਲੇ ਨੂੰ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਿਖੇ ਵੰਗਾਰਿਆ ਗਿਆ ਸੀ,ਜੋ ਕਿ ਖਾਰਿਜ ਕਰ ਦਿੱਤਾ ਗਿਆ ਸੀ। ਇਸ ਉਪਰੰਤ ਇਸ ਦਫਤਰ ਦੇ ਪੱਤਰ ਨੰਬਰ 28436 ਮਿਤੀ 1-10-2014 ਰਾਹੀਂ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੀ ਧਾਰਾ 46(1) ਅਧੀਨ ਮਿਲੇ ਅਧਿਕਾਰਾ ਦੀ ਵਰਤੋ ਕਰਦੇ ਹੋਏ ਸਾਬਕਾ ਅਲਾਟੀ ਨੂੰ ਇਸ ਪਲਾਟ ਨੂੰ ਤੁਰੰਤ ਖਾਲੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਇਹਨਾ ਬੇਦਖਲੀ ਦੇ ਹੁਕਮਾ ਦੀ ਪਾਲਣਾ ਕਰਦੇ ਹੋਏ ਨਜਾਇਜ ਕਾਬਜਕਾਰ ਵੱਲੋਂ ਉਕਤ ਮਕਾਨ ਦਾ ਕਬਜਾ ਗਮਾਡਾ ਨੂੰ ਨਹੀਂ ਸੌਂਪਿਆ ਗਿਆ। ਇਸ ਲਈ ਪੰਜਾਬ ਰੀਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੀ ਧਾਰਾ 46(2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇਸ ਮਕਾਨ ਦਾ ਕਬਜਾ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 24 ਘੰਟੇ ਦੇ ਅੰਦਰ-ਅੰਦਰ ਖਾਲੀ ਕਰਨ ਦੇ ਹੁਕਮ ਜਾਰੀ ਕਰਦਾ ਹਾਂ ਅਤੇ ਜੇਕਰ ਅਣ-ਅਧਿਕਾਰਤ ਕਾਬਜਕਾਰ ਵਲੋਂ ਇਸ ਮਕਾਨ ਨੂੰ ਖਾਲੀ ਨਹੀਂ ਕੀਤਾ ਜਾਂਦਾ ਤਾਂ ਗਮਾਡਾ ਵਲੋਂ ਇਸ ਮਕਾਨ ਨੂੰ ਆਪਣੇ ਪੱਧਰ ਤੇ ਪੁਲਿਸ ਫੋਰਸ ਦੀ ਸਹਾਇਤਾ ਨਾਲ ਖਾਲੀ ਕਰਵਾਇਆ ਜਾਵੇਗਾ। ਇਸ ਕਾਰਵਾਈ ਵਿੱਚ ਜੇਕਰ ਕੋਈ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜਿਮੇਵਾਰੀ ਆਪ ਦੀ ਹੋਵੇਗੀ ਅਤੇ ਇਸ ਕਾਰਵਾਈ ਲਈ ਜੋ ਵੀ ਲਾਗਤ ਆਵੇਗੀ, ਉਸ ਨੂੰ ਇਸ ਮਕਾਨ ਵਿਰੁੱਧ ਜਮਾ ਕਰਵਾਈ ਗਈ ਰਕਮ ਵਿਚੋਂ ਕੱਟ ਲਿਆ ਜਾਵੇਗਾ। ਇਸ ਤੋਂ ਇਲਾਵਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿਟ ਪਟੀਸਨ ਨੰ:14926 ਆਫ 2012 (ਗਮਾਡਾ ਬਨਾਮ ਪੰਜਾਬ ਸਰਕਾਰ ਅਤੇ ਹੋਰ) ਦੇ ਕੇਸ ਵਿੱਚ ਮਿਤੀ 12-2-2013 ਨੂੰ ਜਾਰੀ ਕੀਤੇ ਹੁਕਮਾ ਅਨੁਸਾਰ 50,000/ਰੁਪਏ ਬਤੌਰ ਜੁਰਮਾਨਾ ਕਟੱਣ ਦੇ ਹੁਕਮ ਵੀ ਦਿੰਦਾ ਹਾਂ।

ਮਹੇਸ਼ ਬਾਂਸਲ
ਮਿਲਖ ਅਫਸਰ (ਹਾਊਸਿੰਗ)
ਗਮਾਡਾ, ਐਸ.ਏ.ਐਸ.ਨਗਰ।

ਪਿੱਠ ਅੰਕਣ ਨੰ: ਮਿ:ਅ:(ਹ)/ਗਮਾਡਾ/2019/ 21205 ਮਿਤੀ: 20-05-2019